ਲੋਕ ਆਵਾਜ਼
ਪੰਜਾਬੀ ਟ੍ਰਿਬਿਊਨ
Chandigarh

# ਇਹ ਕਿਸ ਮਾਂ ਦੇ ਜਿਗਰ ਦਾ ਟੁਕੜਾ ਹੈ ?

## ਮਨਸੂਰ ਰਿਜ਼ਵੀ ਨੂੰ ਤਲਾਸ਼ ਹੈ ਇਸ ਗੱਭਰੂ ਦੇ ਮਾਪਿਆਂ ਦੀ

ਡੇਰਾਬੱਸੀ, 2 ਅਪ੍ਰੈਲ (ਸ਼ਾਮ ਸਿੰਘ ਸੰਧੂ)-ਸ਼ਰਧਾ ਰੀਹੈਬੀਲੀਟੇਸ਼ਨ ਫ਼ਾਊਂਡੇਸ਼ਨ, ਮੁੰਬਈ ਦੇ ਨੁਮਾਇੰਦੇ ਮਨਸੂਰ ਰਿਜ਼ਵੀ ਨੂੰ ਕਰੀਬ 20 ਸਾਲ ਦੇ ਨੌਜਵਾਨ (ਜੋ ਕਿ ਆਪਣਾ ਨਾਂਅ ਮੱਖਣ ਸਿੰਘ ਦੱਸਦਾ ਹੈ ) ਦੇ ਮਾਪਿਆਂ ਜਾਂ ਸੱਕੇ ਸਬੰਧੀਆਂ ਦੀ ਤਲਾਸ਼ ਹੈ। ਸ੍ਰ. ਰਿਜ਼ਵੀ ਅਨੁਸਾਰ ਉਨ੍ਹਾਂ ਨੂੰ ਇਹ ਨੌਜਵਾਨ ਕਰੀਬ ਢਾਈ ਮਹੀਨੇ ਪਹਿਲਾਂ ਮੁੰਬਈ ਸਥਿਤ ਬੋਰੀਵਲੀ, ਮਲਾਢ ਇਲਾਕੇ ਤੋਂ ਲਾਵਾਰਿਸ ਮਿਲਿਆ ਸੀ ਤੇ ਉਸ ਵੇਲੇ ਇਸ ਦੀ ਦਿਮਾਗੀ ਹਾਲਤ ਬਹੁਤ ਹੀ ਖ਼ਰਾਬ ਸੀ। ਉਨ੍ਹਾਂ ਦੱਸਿਆ ਕਿ ਸ਼ਰਧਾ ਰੀਹੈਬੀਲੀਟੇਸ਼ਨ ਫ਼ਾਊਂਡੇਸ਼ਨ ਵੱਲੋਂ ਆਪਣੇ ਰੀਹੈਬੀਲੀਟੇਸ਼ਨ ਸੈਂਟਰ, ਕਰਜ਼ਟ (ਈਸਟ) ਜ਼ਿਲ੍ਹਾ ਰਾਏਗੜ੍ਹ, ਮਹਾਂਰਾਸ਼ਟਰ ਵਿਖੇ ਇਸ ਦਾ ਇਲਾਜ ਕਰਵਾਇਆ ਤੇ ਇਸੇ ਹੀ ਦੌਰਾਨ ਇਸ ਨੇ ਦਿਮਾਗੀ ਰੋਗਾਂ ਦੀ ਮਾਹਰ ਡਾ: ਰੂਪਾ ਨੂੰ ਦੱਸਿਆ ਕਿ ਇਹ ਫਤਿਹਗੜ੍ਹ ਸਾਹਿਬ, ਸਰਹੰਦ, ਗੋਬਿੰਦਗੜ੍ਹ, ਬਸੀ ਪਠਾਣਾ ਦਾ ਰਹਿਣ ਵਾਲਾ ਹੈ ਤੇ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਨ੍ਹਾਂ ਦੱਸਿਆ ਕਿ ਮੱਖਣ ਕਈ ਵਾਰ ਖਮਾਣੋਂ, ਮੁਰਿੰਡਾ, ਰਾਜਪੁਰਾ ਆਦਿ ਸ਼ਹਿਰਾਂ ਦੇ ਨਾਂਅ ਲੈਂਦਾ ਹੈ। ਮਿਲੀ ਜਾਣਕਾਰੀ ਦੇ ਆਧਾਰ 'ਤੇ ਹੀ ਇਸ ਨੂੰ ਪੰਜਾਬ ਲਿਆਂਦਾ ਗਿਆ ਹੈ ਅਤੇ ਮਾਪੇ ਨਾ ਮਿਲਣ ਦੀ ਸੂਰਤ ਵਿਚ ਦੁਬਾਰਾ ਮੁੰਬਈ ਲਿਜਾਇਆ ਜਾਵੇਗਾ। ਮੱਖਣ ਸਿੰਘ ਸਬੰਧੀ ਕਿਸੇ ਕਿਸਮ ਦੀ ਵੀ ਜਾਣਕਾਰੀ ਹਾਸਲ ਕਰਨ ਜਾਂ ਦੇਣ ਲਈ ਮੋਬਾਈਲ ਨੰ : 09595659937 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸ਼ਰਧਾ ਰੀਹੈਬੀਲੀਟੇਸ਼ਨ ਫ਼ਾਊਂਡੇਸ਼ਨ, ਮੁੰਬਈ ਦੇ ਨੁਮਾਇੰਦੇ ਮਨਸੂਰ ਰਿਜ਼ਵੀ ਨੌਜਵਾਨ ਮੱਖਣ ਸਿੰਘ ਨਾਲ। ਤਸਵੀਰ-ਸ਼ਾਮ ਸਿੰਘ ਸੰਧੂ